# ਪਬਲਿਕ ਨੋਟਿਸ

ਆਮ ਜਨਤਾ ਨੂੰ ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਦੀ ਪਖੋਚਕ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ. ਤਹਿਸੀਲ ਤੇ ਜ਼ਿਲਾ ਪਠਾਨਕੋਟ ਵਿਖੇ ਇਕ ਸੇਲਜ਼ਮੈਨ ਦੀ ਆਸਾਮੀ ਖਾਲੀ ਹੈ। ਇਸ ਪੋਸਟ 'ਤੇ ਕੰਮ ਕਰਨ ਵਾਲੇ ਚਾਹਵਾਨ ਉਮੀਦਵਾਰਾਂ ਦੀਆਂ ਦਰਖਾਸਤਾਂ ਮਿਤੀ 19.04.2021 ਤਕ ਸਭਾ ਦੇ ਦਫਤਰ ਪਿੰਡ ਪਖੋਚਕ ਸਭਾ ਦੇ ਪ੍ਰਧਾਨ ਪਾਸ ਸਵੇਰੇ 12 ਵਜੇ ਤੱਕ ਲੈ ਕੇ ਹਾਜ਼ਰ ਹੋਣ। ਇਸ ਪੋਸਟ ਦੀਆਂ ਯੋਗਤਾਵਾਂ ਹੇਠ ਲਿਖੇ ਅਨੁਸਾਰ ਹਨ :

1. ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗ੍ਰੈਜੂਏਟ ਦੀ ਡਿਗਰੀ।
2. ਦਸਵੀਂ ਪੱਧਰ 'ਤੇ ਪੰਜਾਬੀ ਦੀ ਵਿੱਦਿਅਕ ਯੋਗਤਾ।
3. ਉਮੀਦਵਾਰ ਦੀ ਉਮਰ 19.04.2021 ਨੂੰ 35 ਸਾਲ ਜਾਂ ਇਸ ਤੋਂ ਘੱਟ ਹੋਵੇ।
4. ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟ੍ਰੌਨਿਕਸ ਵਿਭਾਗ ਦੇ 'ਓ' ਲੈਵਲ ਦਾ ਕੋਰਸ ਪਾਸ ਕੀਤਾ ਹੋਵੇ ਜਾਂ ISO-9001 ਅਨੁਸਾਰ ਤਸਦੀਕਸ਼ੁਦਾ ਹੋਵੇ ਤੇ ਘੱਟੋ-ਘੱਟ 120 ਘੰਟੇ ਦਾ ਹੇਠ ਲਿਖਿਆ ਕੋਰਸ ਕੀਤਾ ਹੋਵੇ :

ੳ) ਪ੍ਰਸੋਨਲ ਕੰਪਿਊਟਰ ਦਾ ਕੋਰਸ ਜਾਂ ਇਨਫੋਰਮੇਸ਼ਨ ਟੈਕਨਾਲੋਜੀ ਵਿਚ ਆਫਿਸ ਪ੍ਰੋਡਕਟੀਵਿਟੀ, ਐਪਲੀਕੇਸ਼ਨ ਦਾ ਕੋਰਸ ਜਾਂ ਡੈਸਕਟਾਪ ਪਬਲਿਸ਼ਿੰਗ ਦਾ ਕੋਰਸ।

5. ਉਮੀਦਵਾਰ ਦਾ ਪਿਛੋਕੜ ਪੇਂਡੂ ਹੋਵੇ।
6. ਨਿਯੁਕਤ ਕੀਤਾ ਵਿਅਕਤੀ ਇਕ ਸਾਲ ਦੇ ਲਈ ਅਜ਼ਮਾਇਸ਼ 'ਤੇ ਹੋਵੇਗਾ। ਅਜ਼ਮਾਇਸ਼ ਦੇ ਸਮੇਂ ਦੌਰਾਨ ACSTI ਜਲੰਧਰ ਦੁਆਰਾ ਸੰਚਾਲਿਤ ਟੈਸਟ ਪਾਸ ਕਰਨਾ ਹੋਵੇਗਾ।
7. ਦਰਖਾਸਤ ਸਾਦੇ ਕਾਗਜ਼ 'ਤੇ ਦਿੱਤੀ ਜਾਵੇ ਅਤੇ ਆਪਣੇ ਅਸਲੀ ਸਰਟੀਫਿਕੇਟ ਇੰਟਰਵਿਊ ਸਮੇਂ 'ਤੇ ਪੇਸ਼ ਕੀਤੇ ਜਾਣ, ਯੋਗ ਉਮੀਦਵਾਰ ਦੀ ਨਿਯੁਕਤੀ 22.04.2021 ਨੂੰ ਕਰ ਦਿੱਤੀ ਜਾਵੇਗੀ।
8. ਤਨਖਾਹ 8000/- ਰੁ. ਪ੍ਰਤੀ ਮਹੀਨਾ ਇਕ ਸਾਲ ਲਈ ਉੱਕਾ-ਪੁੱਕਾ ਦਿੱਤੀ ਜਾਵੇਗੀ ਤੇ ਸਾਲ ਬਾਅਦ ਕਾਰਜ ਤਸੱਲੀਬਖਸ਼ ਹੋਣ 'ਤੇ ਰੇਟਾਂ 'ਤੇ ਦੇਣ ਲਈ ਵਿਚਾਰ ਕੀਤਾ ਜਾਵੇਗਾ।

ਜਗਤਾਰ ਸਿੰਘ (ਪ੍ਰਧਾਨ)

ਦੀ ਪਖੋਚਕ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ. ਤਹਿਸੀਲ ਤੇ ਜ਼ਿਲਾ ਪਠਾਨਕੋਟ